# ਭਾਸ਼ਾ ਅਤੇ ਉਪਭਾਸ਼ਾ ਦਾ ਅੰਤਰ



## ਭਾਸ਼ਾ

ਭਾਸ਼ਾ ਮਨੁੱਖੀ ਸੰਚਾਰ ਦਾ ਮਾਧਿਅਮ ਹੈ। ਭਾਸ਼ਾ ਵਿਚਾਰਾਂ ਨੂੰ ਪ੍ਰਗਟ ਕਰਨ ਲਈ ਮਨੁੱਖੀ ਧੁਨੀ ਯੰਤਰ ਵਿਚੋਂ ਨਿਕਲੀਆਂ ਧੁਨੀਆਂ ਦੇ ਅਜਿਹੇ ਸਮੂਹ ਨੂੰ ਕਹਿੰਦੇ ਹਨ, ਜਿਹੜੇ ਨਿਸ਼ਚਿਤ ਅਰਥ ਹੁੰਦੇ ਹਨ ਜਾਂ ਇੰਜ ਕਹਿ ਸਕਦੇ ਹਾਂ ਕਿ ਭਾਸ਼ਾ ਮਨੁੱਖੀ ਸੰਚਾਰ ਦਾ ਅਤਿ ਵਿਕਸਿਤ ਮਾਧਿਅਮ ਹੈ ਮਨੁੱਖੀ ਉਚਾਰਨ ਅੰਗਾਂ ਰਾਹੀਂ ਉਚਾਰਿਤ ਧੁਨੀ ਚਿੰਨ੍ਹਾਂ ਦਾ ਬਣਿਆ ਹੁੰਦਾ ਹੈ। ਹਰ ਇਲਾਕੇ ਜਾਂ ਰਾਜ ਦੀ ਆਪਣੀ ਭਾਸ਼ਾ ਹੁੰਦੀ ਹੈ, ਜਿਵੇਂ ਪੰਜਾਬ ਦੀ ਪੰਜਾਬੀ, ਹਰਿਆਣੇ ਦੀ ਹਰਿਆਣਵੀ ਆਦਿ।

## ਉਪਭਾਸ਼ਾ

ਹਰ ਇਲਾਕੇ ਰਾਜ ਦੀ ਆਪਣੀ- ਆਪਣੀ ਭਾਸ਼ਾ ਹੁੰਦੀ ਹੈ, ਪਰ ਜਦੋਂ ਇਹਨਾਂ ਭਾਸ਼ਾਵਾਂ ਵਿਚ ਸਥਾਨਕ ਪੱਧਰ 'ਤੇ ਨਿਖੇੜਾ ਆ ਜਾਂਦਾ ਹੈ ਤਾਂ ਭਾਸ਼ਾ ਅੰਦਰ ਵੱਖਰੇ ਭਾਸ਼ਾ ਰੂਪ ਪੈਦਾ ਹੋ ਜਾਂਦੇ। ਇਸ ਆਧਾਰ 'ਤੇ ਭਾਸ਼ਾ ਅੰਦਰ ਉਪਭਾਸ਼ਾਵਾਂ ਨਿਰਧਾਰਿਤ ਹੁੰਦੀਆਂ ਹਨ ਜਿਵੇਂ ਪੰਜਾਬੀ ਦੀਆਂ ਉਪ - ਬੋਲੀਆਂ ਜਾਂ ਉਪ-ਭਾਸ਼ਾਵਾਂ ਦੁਆਬੀ, ਮਾਝੀ, ਮਲਵਈ ਆਦਿ ਹਨ।

## ਉਪਭਾਸ਼ਾ ਦੀਆਂ ਵਿਸ਼ੇਸ਼ਤਾਵਾਂ :-

1. ਉਪਭਾਸ਼ਾ ਸਥਾਨਿਕ ਤੌਰ 'ਤੇ ਇਕ ਸੀਮਿਤ ਦਾਇਰੇ ਵਿਚ ਬੋਲੀ ਜਾਂਦੀ ਹੈ।
2. ਇਕੋ ਭਾਸ਼ਾ ਦੀਆਂ ਵੱਖ- ਵੱਖ ਉਪਭਾਸ਼ਾਵਾਂ ਵਿਚ ਫ਼ਰਕ ਹੁੰਦਾ ਹੈ ਪਰ ਅਜਿਹੀਆਂ ਉਪਭਾਸ਼ਾਵਾਂ ਬੋਲਣ ਵਾਲੇ ਸਾਰੇ ਲੋਕ ਆਪਸ ਵਿਚ ਇਕ ਦੂਜੇ ਦੀ ਭਾਸ਼ਾ ਨੂੰ ਸਮਝਦੇ ਹਨ।
3. ਉਪਭਾਸ਼ਾ ਵਿਚ ਪੁਰਾਣੇ ਸ਼ਬਦ ਰੂਪਾਂ ਨੂੰ ਸੰਭਾਲਿਆ ਹੁੰਦਾ ਹੈ।
4. ਉਪਭਾਸ਼ਾ ਵਿਚੋਂ ਉਸ ਇਲਾਕੇ ਦੇ ਪ੍ਰਚਲਤ ਇਤਿਹਾਸ, ਲੋਕ ਸਾਹਿਤ ਤੇ ਸਭਿਆਚਾਰ ਦੀ ਜਾਣਕਾਰੀ ਮਿਲਦੀ ਹੈ।

5. ਉਪਭਾਸ਼ਾ ਸੰਬੰਧਿਤ ਟਕਸਾਲੀ ਭਾਸ਼ਾ ਦੀ ਉਨੱਤੀ ਵਿਚ ਅਨੇਕ ਸ਼ਬਦਾਂ ਦਾ ਯੋਗਦਾਨ ਪਾ ਸਕਦੀ ਹੈ। ਇਸ ਤਰ੍ਹਾਂ ਟਕਸਾਲੀ ਭਾਸ਼ਾ ਦੇ ਵਿਕਾਸ ਵਿਚ ਉਪਭਾਸ਼ਾ ਅਹਿਮ ਭੂਮਿਕਾ ਅਦਾ ਕਰਦੀ ਹੈ।

## ਭਾਸ਼ਾ ਅਤੇ ਉਪਭਾਸ਼ਾ :-

ਭਾਸ਼ਾ ਆਮ ਹੁੰਦੀ ਹੈ ਜਦਕਿ ਉਪਭਾਸ਼ਾ ਕਿਸੇ ਵਿਸ਼ੇਸ਼ ਭਾਸ਼ਾ ਦੇ ਕਿਸੇ ਇਕ ਇਲਾਕੇ ਵਿਚ ਬੋਲੀ ਜਾਂਦੀ ਹੈ।

## ਭਾਸ਼ਾ ਅਤੇ ਉਪਭਾਸ਼ਾ ਵਿਚ ਸਮਾਨਤਾਵਾਂ :-

1. ਭਾਸ਼ਾ ਅਤੇ ਉਪਭਾਸ਼ਾ ਦੋਵੇਂ ਇਕੋ ਭਾਸ਼ਾ ਪਰਿਵਾਰ ਨਾਲ ਸੰਬੰਧਿਤ ਹੁੰਦੀਆਂ ਹਨ।
2. ਦੋਵਾਂ ਦੀਆਂ ਧੁਨੀਆਂ, ਭਾਵੰਸ਼, ਸ਼ਬਦ, ਵਾਕ-ਬਣਤਰ ਆਦਿ ਸਾਂਝੇ ਹੋ ਸਕਦੇ ਹਨ।
3. ਦੋਵਾਂ ਦੀ ਵਾਕ ਬਣਤਰ ਆਮ ਤੌਰ ਤੇ ਸਾਂਝੀ ਹੁੰਦੀ ਹੈ।

## ਭਾਸ਼ਾ ਅਤੇ ਉਪਭਾਸ਼ਾ ਵਿਚ ਅਸਮਾਨਤਾਵਾਂ :-

1. ਭਾਸ਼ਾ ਉਪਭਾਸ਼ਾ ਨਾਲੋਂ ਵੱਡੇ ਆਕਾਰ ਵਿਚ ਸੁਸੰਗਠਿਤ ਹੁੰਦੀ ਹੈ। ਅਤੇ ਭਾਸ਼ਾ ਵਿਚ ਭਾਸ਼ਾਈ ਅੰਸ਼ਾਂ ਦੀ ਅਧਿਕਤਾ ਹੁੰਦੀ ਹੈ ਜਦੋਂ ਕਿ ਉਪਭਾਸ਼ਾ ਦਾ ਭਾਸ਼ਾਈ ਸਰਮਾਇਆ ਥੋੜ੍ਹਾ ਹੁੰਦਾ ਹੈ।

2. ਭਾਸ਼ਾ ਰਾਜ ਭਾਸ਼ਾ ਹੁੰਦੀ ਹੈ ਇਸ ਵਿਚ ਸਾਰੇ ਦਫ਼ਤਰੀ ਤੇ ਰਾਜਸੀ ਕੰਮ ਹੋ ਸਕਦੇ ਹਨ ਪਰ ਉਪਭਾਸ਼ਾ ਸਿਰਫ ਬੋਲਚਾਲ ਤੱਕ ਸੀਮਤ ਰਹਿੰਦੀ ਹੈ।

3. ਭਾਸ਼ਾ ਦਾ ਖੇਤਰ ਵਿਸ਼ਾਲ ਹੁੰਦਾ ਹੈ ਜਿਵੇਂ :- ਕੇਂਦਰੀ ਪੰਜਾਬੀ ਪੰਜਾਬ ਤੋਂ ਬਾਹਰ ਦੀ ਕਈ ਥਾਵਾਂ ਤੇ ਬੋਲੀ ਤੇ ਲਿਖੀ ਜਾਂਦੀ ਹੈ ਜਦਕਿ ਉਪਭਾਸ਼ਾ ਵਿਸ਼ੇਸ਼ ਭੂਗੋਲਿਕ ਖਿੱਤੇ ਤੱਕ ਹੀ ਸੀਮਤ ਹੁੰਦੀ ਹੈ।

4. ਇਕੋ ਭਾਸ਼ਾ ਵਿਚ ਕਈ ਉਪਭਾਸ਼ਾਵਾਂ ਹੋ ਸਕਦੀਆਂ ਹਨ।
5. ਭਾਸ਼ਾ ਸਦੀਵੀ ਹੁੰਦੀ ਹੈ ਜਦਕਿ ਉਪਭਾਸ਼ਾ ਵਿਚ ਪਰਿਵਰਤਨ ਆਉਂਦੇ ਰਹਿੰਦੇ ਹਨ।

## ਭਾਸ਼ਾ ਅਤੇ ਉਪਭਾਸ਼ਾ ਦੇ ਅੰਤਰ ਦਾ ਰੇਖਾ ਚਿਤਰ






ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਭਾਸ਼ਾ ਅਤੇ ਉਪਭਾਸ਼ਾ ਵਿਚ ਸਮਾਨਤਾਵਾਂ ਅਤੇ ਭਿੰਨਤਾਵਾਂ ਦੋਵੇਂ ਹੀ ਪਾਈਆਂ ਜਾਂਦੀਆਂ ਹਨ। ਭਾਸ਼ਾ ਅਤੇ ਉਪਭਾਸ਼ਾ ਦੋਵੇਂ ਇਕੋ ਭਾਸ਼ਾ ਪਰਿਵਾਰ ਨਾਲ ਸੰਬੰਧਿਤ ਹੁੰਦੀ ਹੈ। ਦੋਵਾਂ ਦੀਆਂ ਧੁਨੀਆਂ, ਵਾਕੰਸ਼, ਸ਼ਬਦ ਵਿਆਕਰਨ ਆਦਿ ਸਾਂਝੇ ਹੋ ਸਕਦੇ ਹਨ ਪਰ ਭਾਸ਼ਾ ਰਾਜ ਭਾਸ਼ਾ ਹੁੰਦੀ ਹੈ ਇਸ ਵਿਚ ਸਾਰੇ ਦਫ਼ਤਰੀ ਅਤੇ ਰਾਜਸੀ ਕੰਮ ਹੋ ਸਕਦੇ ਹਨ ਪਰ ਉਪਭਾਸ਼ਾ ਸਿਰਫ ਖੇਤਰਵਾਰ ਤੌਰ ਸੀਮਤ ਰਹਿੰਦੀ ਹੈ।